بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 04.11.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਾਡੀ ਜਮਾਤ ਨੂੰ ਮਸਜਿਦਾਂ ਦੀ ਬਹੁਤ ਜ਼ਰੂਰਤ ਹੈ, ਇਹ ਰੱਬ ਦਾ ਘਰ ਹੁੰਦੀ ਹੈ । ਜਿਸ ਪਿੰਡ ਜਾਂ ਸ਼ਹਿਰ ਵਿੱਚ ਜਿੱਥੇ ਸਾਡੀ ਜਮਾਤ ਦੀ ਮਸਜਿਦ ਕਾਇਮ ਹੋ ਗਈ ਤਾਂ ਸਮਝੋ ਕਿ ਜਮਾਤ ਦੀ ਤਰੱਕੀ ਦੀ ਨੀਂਹ ਪੈ ਗਈ, ਜੇਕਰ ਅਜਿਹਾ ਕੋਈ ਪਿੰਡ ਜਾਂ ਸ਼ਹਿਰ ਜਿੱਥੇ ਮੁਸਲਮਾਨ ਘੱਟ ਹੋਣ ਜਾਂ ਨ ਹੋਣ ਅਤੇ ਓਥੇ ਇਸਲਾਮ ਦੀ ਤਰੱਕੀ ਕਰਨੀ ਹੋਵੇ ਤਾਂ ਇਕ ਮਸਜਿਦ ਬਣਾ ਦੇਣੀ ਚਾਹੀਦੀ ਹੈ ਫਿਰ ਰੱਬ ਆਪ ਮੁਸਲਮਾਨਾ ਨੂੰ ਖਿੱਚ ਲਿਆਵੇ ਗਾ ਪਰ ਸ਼ਰਤ ਇਹ ਹੈ ਕਿ ਮਸਜਿਦ ਦੀ ਸਥਾਪਨਾ ਵਿੱਚ ਨੀਯੱਤ ਖ਼ਾਲਸ ਤੇ ਨੇਕ ਹੋਵੇ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 4 ਨਵੰਬਰ 2016 ਈ. ਨੂੰ ਕੈਨੇਡਾ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਤ ਤੌਬਾ ਦੀ ਆਇਤ 19 ਦੀ ਤਲਾਵਤ ਫ਼ਰਮਾਈ :

اِنَّمَا یَعۡمُرُ مَسٰجِدَ اللّٰہِ مَنۡ اٰمَنَ بِاللّٰہِ وَالۡیَوۡمِ الۡاٰخِرِ وَاَقَامَ الصَّلٰوۃَ وَاٰتَی الزَّکٰوۃَ وَلَمۡ یَخۡشَ اِلَّا اللّٰہَ فَعَسٰۤی
اُولٰٓئِکَ اَنۡ یَّکُوۡنُوۡا مِنَ الۡمُہۡتَدِیۡنَ

ਇੰਨੱਮਾ ਯਾਮੁਰੁ ਮਸਾਜਿਦਲੱਾਹਿ ਮਨ ਆਮਾਨਾ ਬਿਲੱਾਹਿ ਵਲ ਯੌਮਿਲ ਆਖ਼ਿਰਿ ਵ ਅਕਾਮਸੱਲਾਤਾ
ਵ ਆਤਜ਼ੱਕਾਤਾ ਵਲਮ ਯਖ਼ਸ਼ਾ ਇਲਲੱਾਹਾ ਫ਼-ਅਸਾ ਉਲਾਇਕਾ ਅੰਯ ਯਕੂਨੂ ਮਿਨਲ ਮੁਹਤਾਦੀਨ

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲਹਮਦੁਲਿਲੱਾਹ, ਜਮਾਤ ਅਹਮਦੀਆ ਰਜਾਈਨਾ (Regina) ਨੂੰ ਵੀ ਅਲੱਾਹ ਤਆਲਾ ਨੇ ਮਸਜਿਦ ਬਨਾਉਣ ਦੀ ਤੌਫ਼ੀਕ ਪ੍ਰਦਾਨ ਕੀਤੀ । ਮਾਸ਼ਾਅਲੱਾਹ, ਬਹੁਤ ਸੋਹਣੀ ਮਸਜਿਦ ਹੈ । ਇਸ ਸਮੇਂ ਜਮਾਤ ਦੀ ਜੋ ਏਥੇ ਗਿਣਤੀ ਹੈ ਅਤੇ ਆਲ੍ਹੇ ਦੁਆਲੇ ਦੇ ਨੇੜਲੇ ਖੇਤਰਾਂ ਸਣੇ ਲਗਭਗ 160 ਲੋਕ ਹਨ । ਮਸਜਿਦ ਦੇ ਹਾਲਾਂ ਵਿੱਚ ਚਾਰ ਸੌ ਲੋਕ ਨਮਾਜ਼ ਪੜ੍ਹ ਸਕਦੇ ਹਨ । ਅਤੇ ਲੋੜ ਹੋਏ ਤਾਂ ਕਾਮਨ ਏਰੀਏ ਵਿੱਚ ਸੌ ਲੋਕ ਹੋਰ ਵੀ ਨਮਾਜ਼ ਪੜ੍ਹ ਸਕਦੇ ਹਨ । ਮੈਨੂੰ ਦੱਸਿਆ ਗਿਆ ਹੈ ਕਿ ਇਸ ਦੇ ਖਰਚੇ ਵੀ ਲੋਕਲ ਜਮਾਤ ਨੇ ਹੀ ਕੀਤੇ ਹਨ ਜਾਂ ਦੇਣ ਦਾ ਵਾਦਾ ਕੀਤਾ ਹੈ ਸਗੋਂ ਕੁਲ ਜੋ ਖਰਚਾ ਹੋਇਆ ਹੈ ਨਕਦ ਰਕਮ ਦੇ ਪੱਖੋਂ ਉਸ ਦਾ ਵੀ ਲਗਭਗ ਤੀਜਾ ਭਾਗ ਦੋ ਵਿਅਕਤੀਆਂ ਨੇ ਦੇਣ ਦੀ ਜ਼ਿੰਮੇਦਾਰੀ ਲਈ ਹੈ ਜਿੰਨ੍ਹਾ ਵਿਚੋਂ ਇਕ ਸਾਡੇ ਡਾਕਟਰ ਸ਼ਮਸੁਲ ਹੱਕ ਸ਼ਹੀਦ ਦੀ ਵਿਧਵਾ ਹਨ । ਇਹ ਜੋ ਮੈਂ ਕਿਹਾ ਕਿ ਨਕਦ ਰਕਮ ਦੇ ਪੱਖੋਂ ਇਹ ਇਸ ਲਈ ਕਿ ਜੱਦ ਮਸਜਿਦ ਦੀ ਉਸਾਰੀ ਦਾ ਕੰਮ ਸ਼ੁਰੂ ਕਰਨ ਦਾ ਸਮਾਂ ਆਇਆਂ ਅਤੇ ਕਨਟ੍ਰੈਕਟਰਜ਼ ਤੋਂ ਰਾਬਤੇ ਕੀਤੇ ਗਏ ਤਾਂ ਘੱਟੋ ਘੱਟ ਟੇਂਡਰ ਵੀ ਇਹ ਕਹਿੰਦੇ ਹਨ ਕਿ ਕਿ 2.8 ਮਿਲੀਯਨ ਦਾ ਸੀ ਜਿਸ ਵਿੱਚ ਦੂਜੇ ਖਰਚੇ ਰਲਾਕੇ 3.5 ਮਿਲੀਰਯਨ ਡਾਲਰ ਤੇ ਗੱਲ ਪਹੁੰਚੀ ਹੈ ਪਰ ਮਸਜਿਦ ਦੀ ਉਸਾਰੀ ਵਿੱਚ ਜੋ ਕੁਲ ਖਰਚਾ ਹੋਇਆ ਅਤੇ ਉਸ ਨੂੰ ਪੂਰਾ ਕਰਨ ਵਿੱਚ ਉਹ 1.6 ਮਿਲੀਯਨ ਡਾਲਰ ਦਾ ਹੋਇਆ

ਹੈ । ਹੁਣ ਇਕ ਦੁਨੀਆਦਾਰ ਇਹ ਗੱਲ ਸੁਣ ਕੇ ਹੈਰਾਨ ਹੋਵੇਗਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਠੇਕੇਦਾਰਾਂ ਦੇ ਘੱਟੋ ਘੱਟ ਟੇਂਡਰ ਦੇ ਟਾਕਰੇ ਵਿੱਚ ਵੀ ਅੱਧ ਤੋਂ ਘੱਟ ਰਕਮ ਵਿੱਚ ਮਸਜਿਦ ਪੂਰੀ ਹੋ ਗਈ । ਨਿਸਚੇ ਹੀ ਇਕ ਦੁਨੀਆਦਾਰ ਇਸ ਦਾ ਅੰਦਾਜ਼ਾ ਨਹੀਂ ਲਗਾ ਸਕਦਾ ਕਿਉਂਕਿ ਉਸ ਨੂੰ ਪਤਾ ਹੀ ਨਹੀਂ ਕਿ ਕੁਰਬਾਨੀ ਕੀ ਹੁੰਦੀ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਨੇ ਕੁਰਬਾਨੀਆਂ ਦੇ ਕੀ ਮਿਆਰ ਕਾਇਮ ਕੀਤੇ ਹਨ । ਜਾਨ ਮਾਲ ਤੇ ਸਮੇਂ ਨੂੰ ਕੁਰਬਾਨ ਕਰਨ ਵਾਲੀਆਂ ਜੋ ਉਧਾਰਣਾ ਮਿਲਦੀਆਂ ਹਨ, ਉਹ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਹੀ ਮਿਲਦੀਆਂ ਹਨ । ਇਹ ਸੁਭਾਵ ਜਮਾਤ ਅਹਮਦੀਆ ਦਾ ਹੈ, ਹਰ ਥਾਂ, ਫਿਰ ਭਾਵੇਂ ਪਾਕਿਸਤਾਨ ਦੇ ਅਹਮਦੀ ਹੋਣ ਜਾਨੀ ਤੇ ਮਾਲੀ ਕੁਰਬਾਨੀ ਪੇਸ਼ ਕਰਨ ਵਾਲੇ ਹਨ । ਬੇਸ਼ਕ ਅਫ਼ਰੀਕਾ ਦੇ ਰਹਿਣ ਵਾਲੇ ਅਹਮਦੀ ਹਨ ਜਿੰਨ੍ਹਾ ਕੋਲ ਜੇਕਰ ਮਾਲ ਨਹੀਂ ਹੈ ਤਾਂ ਸਮੇਂ ਦੀ ਕੁਰਬਾਨੀ ਕਰਕੇ ਅਤੇ ਜੋ ਕੁਝ ਵੀ ਹੈ ਉਸ ਨੂੰ ਦੇਕੇ ਮਸਜਿਦਾਂ ਤੇ ਜਮਾਤੀ ਕੰਮਾ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ । ਭਾਵੇਂ ਇੰਡੋਨੇਸ਼ੀਆ ਦੇ ਰਹਿਣ ਵਾਲੇ ਅਹਮਦੀ ਹਨ ਜਾਂ ਯੂਰੋਪ ਦੇ ਰਹਿਣ ਵਾਲੇ ਅਮਹਦੀ ਹਨ ਜਾਂ ਏਥੇ ਕੈਨੇਡਾ ਦੇ ਰਹਿਣ ਵਾਲੇ ਅਹਮਦੀ ਹਨ ਜਾਂ ਦੁਨੀਆ ਦੇ ਕਿਸੇ ਵੀ ਖੇਤਰ ਦੇ ਰਹਿਣ ਵਾਲੇ ਹਨ । ਅਲੱਾਹ ਤਆਲਾ ਕੁਰਬਾਨੀ ਦੀ ਤੌਫ਼ੀਕ ਦਿੰਦਾ ਹੈ ਇਸ ਲਈ ਕਿ ਉਹਨਾਂ ਨੇ ਰੱਬ ਦੀ ਰਜ਼ਾ ਹਾਸਲ ਕਰਨ ਨੂੰ ਆਪਣਾ ਮੰਤਵ ਬਣਾਇਆ ਹੈ । ਇਸ ਮਸਜਿਦ ਦੀ ਉਸਾਰੀ ਵਿੱਚ ਜਮਾਤ ਦੇ ਧੰਨ ਦੀ ਅੱਧੇ ਤੋਂ ਬਹੁਤੀ ਰਕਮ ਜੋ ਬਚਾਈ ਗਈ ਹੈ ਉਹ ਮੈਂਨੂੰ ਦੱਸਿਆ ਗਿਆ ਹੈ ਕਿ ਸਿਸਕਾਟੋਨ ਦੇ ਤਿੰਨ ਭਰਾਵਾਂ ਨੇ ਜੋ ਉਸਾਰੀ ਦੇ ਕੰਮ ਵਿੱਚ ਹਨ ਸੇਵਾ ਦੇ ਰੂਪ ਵਿੱਚ ਆਪਣੀ ਸੇਵਾ ਪੇਸ਼ ਕੀਤੀ ਅਤੇ ਇਸ ਪ੍ਰਕਾਰ ਇਹ ਰਕਮ ਬਚਾਈ । ਇਸੇ ਪ੍ਰਕਾਰ ਹੋਰ ਵੀ ਸੇਵਕ ਸ਼ਾਮਲ ਹੋਏ ਇਸ ਕੰਮ ਵਿੱਚ । ਇਹਨਾਂ ਭਰਾਵਾਂ ਦੀ ਜੋ ਕਨਟ੍ਰੈਕਟਰ ਹਨ ਇਹਨਾਂ ਦੀ ਮਦਦ ਇਕ ਚੌਥੇ ਕਨਟ੍ਰੈਕਟਰ ਵੱਲੋਂ ਵੀ ਹੋਈ ਜਿਸ ਨੂੰ ਸ਼ਾਇਦ ਰੱਬ ਨੇ ਇਸੇ ਲਈ ਏਥੇ ਭੇਜਿਆ ਸੀ ਟੋਰੈਂਟੋ ਤੋਂ ਜਿੱਥੇ ਉਹਨਾਂ ਦਾ ਕੰਮ ਖ਼ਤਮ ਹੋ ਗਿਆ ਅਤੇ ਏਥੇ ਆਏ । ਬਹਿਰਹਾਲ ਉਹਨਾਂ ਸਾਰਿਆਂ ਨੇ ਰਲ ਮਿਲ ਕੇ ਇਹ ਕੰਮ ਕੀਤਾ ਅਤੇ ਫਿਰ ਬਾਕੀ ਰਜ਼ਾਕਾਰ (ਸੇਵਕ) ਵੀ ਹਨ ਜਿੰਨ੍ਹਾ ਵਿੱਚੋਂ ਏਥੇ ਦੀ ਲੋਕਲ ਲੋਕ ਵੀ ਹਨ । ਰਜਾਈਨਾ ਦੇ ਸਿਸਕਾਟੋਨ ਤੋਂ ਵੀ ਆਏ ਕੈਲਗਿਰੀ ਤੋਂ ਵੀ ਆਏ, ਐਡਮਿੰਟਨ ਤੋਂ ਵੀ ਆਏ ਟੋਰੰਟੋਤੋਂ ਵੀ ਆਏ ਜਿੰਨ੍ਹਾ ਵਿੱਚ ਖ਼ੁਦੱਾਮ ਵੀ ਸ਼ਾਮਲ ਹਨ ਤੇ ਅੰਸਾਰ ਵੀ ਸ਼ਾਮਲ ਹਨ ਅਤੇ ਸਿਵਾਏ ਉਸ ਕੰਮ ਦੇ ਜਿਸ ਦੇ ਲਈ ਜਮਾਤ ਵਿੱਚ ਪੇਸ਼ਵਰ ਤੇ ਮਹਾਰਤ ਰਖੱਣ ਵਾਲੇ ਨਹੀਂ ਸਨ ਸਾਰੇ ਕੰਮ ਕਨਟ੍ਰੈਕਟਰਜ਼ ਤੇ ਰਜ਼ਾਕਾਰਾਂ (ਕਾਰਸੇਵਕਾਂ) ਨੇ ਕੀਤੇ । ਹੁਣ ਦੁਨੀਆਦਾਰ ਕਨਟ੍ਰੈਕਟਰ ਤਾਂ ਇਹ ਸੋਚ ਵੀ ਨਹੀਂ ਸਕਦੇ ਪਰ ਇਹਨਾਂ ਲੋਕਾਂ ਨੇ ਆਪਣੇ ਰੁਪਏ ਤੇ ਸਮੇਂ ਦੀ ਕੋਈ ਪਰਵਾਹ ਨਹੀਂ ਕੀਤੀ । ਇਸੇ ਪ੍ਰਕਾਰ ਲਜਨਾ ਨੇ ਵੀ ਇਹਨਾ ਰਜ਼ਾਕਾਰਾਂ ਦੇ ਖਾਣ ਪੀਣ ਦਾ ਪ੍ਰਬੰਧ ਕਰਕੇ ਤੇ ਇਸ ਤੋਂ ਬਿਨਾ ਆਰਥਕ ਕੁਰਬਾਨੀ ਕਰਕੇ ਇਸ ਸੇਵਾ ਦੇ ਸਬਬ ਇਸ ਦੀ ਉਸਰੀ ਵਿੱਚ ਭਾਗ ਲਿਆ ਅਤੇ ਉਹ ਭਾਗੀਦਾਰ ਬਣ ਗਈਆਂ । ਮੈਂਨੂੰ ਦੱਸਿਆ ਗਿਆ ਕਿ ਲਗਭਗ ਸਾਢੇ ਇਕਤਾਲੀ ਹਜ਼ਾਰ ਘੰਟੇ ਇਸ ਮਸਜਿਦ ਦੀ ਵਿੱਚ ਕਾਰਸੇਵਕਾਂ ਨੇ ਕਾਰਸੇਵਕਾਂ ਦੇ ਰੂਪ ਵਿੱਚ ਕੰਮ ਕੀਤਾ । ਇਹ ਜਜ਼ਬਾ (ਭਾਵਨਾ) ਰੱਬ ਦੀ ਮਿਹਰ ਨਾਲ ਅਹਮਦੀਆਂ ਵਿੱਚ ਹਰ ਥਾਂ ਦਿਖਾਈ ਦਿੰਦਾ ਹੈ ਜਿਵੇਂ ਕਿ ਮੈਂ ਕਿਹਾ । ਇਕ ਪਾਸੇ ਕੁਝ ਮੁਸਲਮਾਨ ਦੁਨੀਆ ਵਿੱਚ ਬਦਅਮਨੀ ਫੈਲਾਉਣ ਵਿੱਚ ਲੀਨ ਹਨ ਤਾਂ ਦੂਜੇ ਪਾਸੇ ਦੁਨੀਆ ਨੇ ਇਜਿਹੇ ਭਾਗ ਵਿੱਚ ਵਸੱਣ ਵਾਲੇ ਅਹਮਦੀ ਮੁਸਲਮਾਨ ਜੋ ਪ੍ਰਗਤੀਸ਼ੀਲ ਤੇ ਸੰਸਾਰਕ ਤਰਜੀਹਾਂ ਵਿੱਚ ਵੱਧਿਆ ਹੋਇਆ ਦੇਸ਼ ਹੈ ਰੱਬ ਦਾ ਘਰ ਉਸਾਰਣ ਵਿੱਚ ਆਪਣਾ ਮਾਲ ਤੇ ਸਮਾਂ ਪੇਸ਼ ਕਰ ਰਹੇ ਹਨ । ਇਸ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੋ ਲੋਕ ਰੱਬ ਦਾ ਘਰ ਬਣਾਉਂਦਾ ਹੈ ਉਹ ਸਵਰਗ ਵਿੱਚ ਆਪਣੇ ਲਈ ਘਰ ਬਣਾਉਂਦਾ ਹੈ । ਇਸ ਲਈ ਇਸ ਜੁੱਗ ਦੇ ਇਮਾਮ ਅਤੇ ਹਜ਼ਰਤ ਮੁਹਮੱਦ ਸਲੱਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਨੇ ਆਪਣੇ ਮਨੰਣ ਵਾਲਿਆਂ ਨੂੰ ਫ਼ਰਮਾਇਆ ਕਿ ਤੁਸੀਂ ਇਸਲਾਮ ਦੇ ਸੁੰਦਰ ਸੰਦੇਸ਼ ਨੂੰ ਸੰਸਾਰ ਵਿੱਚ ਫੈਲਾਉਣ ਲਈ ਇਸਲਾਮ ਦੀ ਵਾਸਤਵਿਕ ਤੇ ਸੁੰਦਰ ਤਸਵੀਰ ਪੇਸ਼ ਕਰਨ ਲਈ ਮਸਜਿਦ ਬਣਾਓ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਥਾਂ ਮਸਜਿਦ ਦੀ ਉਸਾਰੀ ਦੀ ਮਹਤੱਾ ਦਸੱਦਿਆਂ ਹੋਇਆਂ ਹਜ਼ਰਤ ਮਸੀਹ ਮੌਊਦਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸ ਸਮੇਂ ਸਾਡੀ ਜਮਾਤ ਨੂੰ ਮਸਜਿਦਾਂ ਦੀ ਬਹੁਤ ਜ਼ਰੂਰਤ ਹੈ, ਇਹ ਰੱਬ ਦਾ ਘਰ ਹੁੰਦੀਆਂ ਹਨ ਜਿਸ ਪਿੰਡ ਜਾਂ ਸ਼ਹਿਰ ਵਿੱਚ ਸਾਡੀ ਮਸਜਿਦ ਕਾਇਮ ਹੋ ਗਈ ਤਾਂ ਸਮਝੋ ਕਿ ਜਮਾਤ ਦੀ ਤਰੱਕੀ ਦੀ ਨੀਂਹ ਪੈ ਗਈ । ਜੇਕਰ ਕੋਈ ਅਜਿਹਾ ਪਿੰਡ ਹੋਵੇ ਜਾਂ ਸ਼ਹਿਰ ਜਿੱਥੇ ਮੁਸਲਮਾਨ ਘੱਟ ਹੋਣ ਜਾਂ ਓਥੇ ਇਸਲਾਮ ਦੀ ਤਰੱਕੀ ਕਰਨੀ ਹੋਵੇ ਤਾਂ ਇਕ ਮਸਜਿਦ ਬਣਾ ਦੇਣੀ ਚਾਹੀਦੀ ਹੈ, ਫਿਰ ਰੱਬ ਆਪ ਮੁਸਲਮਾਨਾ ਨੂੰ ਖਿੱਚ ਲਿਆਏਗਾ, ਸ਼ਰਤ ਇਹ ਹੈ ਕਿ ਮਸਜਿਦ ਦੀ ਸਥਾਪਨਾਂ ਵਿੱਚ ਨੀਯਤ ਖ਼ਾਲਸ ਹੋਵੇ । ਨੇਕ ਨੀਯਤੀ ਨਾਲ ਮਸਜਿਦ ਬਨਾਉਣ ਦੀ ਸ਼ਰਤ ਹੈ । ਕੇਵਲ ਰੱਬ ਖ਼ਾਤਰ ਇਸ ਕੰਮ ਨੂੰ ਕੀਤਾ ਜਾਵੇ ਕੋਈ ਭੌਤਕ ਉਦੇਸ਼ ਜਾਂ ਕਿਸੇ ਸ਼ਰਾਰਤ ਦਾ ਉਕੱਾ ਹੀ ਦਖ਼ਲਾ ਨਾ ਹੋਵੇ, ਫਿਰ ਰੱਬ ਉਸ ਵਿੱਚ ਬਰਕਤ ਦੇਵੇਗਾ ।

ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਛੱਾ ਨੂੰ ਪੂਰਾ ਕਰਨ ਲਈ ਸਾਨੂੰ ਹਮੇਸ਼ਾ ਜਤਨ ਕਰਨਾ ਚਾਹੀਦਾ ਹੈ ਪਰ ਨਾਲ ਹੀ ਇਸ ਸ਼ਰਤ ਨੂੰ ਵੀ ਸਾਹਮਣੇ ਰਖੱਣਾ ਜ਼ਰੂਰੀ ਹੋਵੇਗਾ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤੀ ਹੈ ਕਿ ਖ਼ਾਲਸ ਹੋਕੇ ਕੇਵਲ ਵਕਤੀ ਭਾਵਨਾ ਤੇ ਜੋਸ਼ ਨ ਹੋਵੇ ਕਿ ਕੇਵਲ ਸੋਹਣੀ ਮਸਜਿਦ ਦੀ ਉਸਾਰੀ ਹੀ ਸੰਮੁੱਖ ਹੋਵੇ ਸਗੋਂ ਉਹਨਾਂ ਉਦੇਸ਼ਿਆਂ ਨੂੰ ਵੀ ਪੂਰਾ ਕਰਨ ਦੀ ਜ਼ਰੂਰਤ ਹੈ । ਕੇਵਲ ਨਾਂ ਦੀ ਪ੍ਰਸਿੱਧੀ ਲਈ ਮਸਜਿਦ ਨ ਬਣਾਈ ਜਾਵੇ । ਕੇਵਲ ਇਸ ਲਈ ਨਹੀਂ ਕਿ ਐਨ੍ਹੀ ਆਰਥਕ ਕੁਰਬਾਨੀ ਕੀਤੀ ਹੈ ਜਾਂ ਐਨ੍ਹੇ ਘੰਟੇ ਆਪਣਾ ਸਮਾਂ ਦਿਤੱਾ ਹੈ ਜਾਂ ਕਿਸੇ ਮੁਕਾਬਲੇ ਦੇ ਸਬਬ ਨਹੀਂ ਹੋਣਾ ਚਾਹੀਦਾ । ਖ਼ਾਲਸ ਰੱਬ ਲਈ ਮਸਜਿਦ ਦੀ ਉਸਾਰੀ ਹੋਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਅਸੀਂ ਰੱਬ ਦੀਆਂ ਉਹਨਾਂ ਮਿਹਰਾਂ ਨੂੰ ਦੇਖ ਕੇ ਸ਼ੁਕਰਾਨੇ ਦੀਆਂ ਉਹਨਾਂ ਭਾਵਨਾਵਾਂ ਨਾਲ ਭਰਪੂਰ ਹਾਂ ਅਤੇ ਅੱਜ ਏਥੋਂ ਦੇ ਰਹਿਣ ਵਾਲਿਆਂ ਨੂੰ ਇਹ ਜਤਨ ਕਰਨਾ ਚਾਹੀਦਾ ਹੈ ਕਿ ਉਹ ਰੱਬ ਦੇ ਸ਼ੁਕਰਾਨੇ ਵਿੱਚ ਅੱਗੇ ਵਧੱਣ ਕਿ ਰੱਬ ਨੇ ਉਹਨਾਂ ਨੂੰ ਇਕ ਮਸਜਿਦ ਪ੍ਰਦਾਨ ਕੀਤੀ ਹੈ ਇਕ ਅਜਿਹਾ ਘਰ ਬੱਖ਼ਸ਼ਿਆ ਹੈ ਜੋ ਰੱਬ ਦਾ ਘਰ ਹੈ ਅਤੇ ਇੱਕੋ ਇਕ ਰੱਬ ਦੀ ਇਬਾਦਤ ਲਈ ਹੈ । ਭਾਵੇਂ ਇਹ ਘਰ ਹੈ ਤਾਂ ਰੱਬ ਦਾ ਪਰ ਰੱਬ ਨੇ ਘਰ ਆਪਣੇ ਲਾਭ ਨਹੀਂ ਬਣਾਇਆ, ਇਸ ਦਾ ਲਾਭ ਵੀ ਉਹਨਾਂ ਲੋਕਾਂ ਨੂੰ ਹੋ ਰਿਹਾ ਹੈ ਅਤੇ ਹੁੰਦਾ ਹੈ ਜੋ ਇਸ ਵਿੱਚ ਆਉਂਦੇ ਹਨ । ਸੋ, ਇਹ ਰੱਬ ਦਾ ਬਹੁਤ ਵਡੱਾ ਉਪਕਾਰ ਹੈ ਜਿਸ ਦਾ ਅਸੀਂ ਜਿੰਨ੍ਹਾਂ ਵੀ ਸ਼ੁਕਰ ਕਰੀਏ ਘੱਟ ਹੈ ਅਤੇ ਸ਼ੁਕਰਾਨਾ ਕਰਨ ਦਾ ਢੰਗ ਜੋ ਮਸਜਿਦਾਂ ਦੀ ਉਸਾਰੀ'ਤੇ ਰੱਬ ਨੇ ਸਾਨੂੰ ਸਿਖਾਇਆ ਹੈ ਉਹ ਇਸ ਆਇਤ ਵਿੱਚ ਵਰਨਣ ਹੋਇਆ ਹੈ ਜੋ ਮੈਂ ਹੁਣੇ ਤਲਾਵਤ ਕੀਤੀ ਹੈ । ਰੱਬ ਫ਼ਰਮਾਉਂਦਾ ਹੈ, ਇਸ ਦਾ ਅਰਥ ਇਹ ਹੈ ਕਿ ਰੱਬ ਦੀਆਂ ਮਸਜਿਦਾਂ ਤਾਂ ਉਹੋ ਵਸਾਉਂਦਾ ਹੈ ਜੋ ਰੱਬ ਉਪੱਰ ਈਮਾਨ ਲਿਆਏ ਅਤੇ ਯੌਮਿ ਆਖ਼ਰਤ (ਅੰਤਮ ਨਬੇੜੇ ਦੇ ਦਿਨ) ਉਪੱਰ ਅਤੇ ਨਮਾਜ਼ਾਂ ਕਾਇਮ ਕਰੇ ਅਤੇ ਜ਼ਕਾਤ ਦੇਵੇ ਅਤੇ ਰੱਬ ਤੋਂ ਬਿਨਾ ਕਿਸੇ ਦਾ ਖ਼ੌਫ਼ ਨ ਖਾਏ । ਸੋ, ਨੇੜੇ ਹੈ ਕਿ ਇਹ ਲੋਕ ਸੁਮਾਰਗ ਪ੍ਰਾਪਤ ਲੋਕਾਂ ਵਿੱਚ ਸ਼ੁਮਾਰ ਕੀਤੇ ਜਾਣ ।

ਸੋ, ਅਲੱਾਹ ਤਆਲਾ ਤੇ ਯੌਮਿ ਆਖ਼ਰਤ (ਪ੍ਰਲੈ ਦੇ ਦਿਨ) ਉਪੱਰ ਈਮਾਨ ਜੋ ਇਕ ਮੋਮਿਨ ਹੋਣ ਦੀ ਅਤੇ ਮੁਸਲਮਾਨ ਹੋਣ ਦੀ ਮੁਢੱਲੀ ਸ਼ਰਤ ਹੈ ਇਹ ਜ਼ਰੂਰੀ ਹੈ । ਫਿਰ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਨਮਾਜ਼ ਕਾਇਮ ਕਰਨਾ ਵੀ ਜ਼ਰੂਰੀ ਹੈ । ਨਮਾਜ਼ ਕਾਇਮ ਕਰਨਾ ਕੀ ਹੈ ? ਇਹ ਪੰਜ ਨਿਰਧਾਰਤ ਸਮਿਆਂ ਵਿੱਚ ਨਮਾਜ਼ ਜਮਾਤ ਨਾਲ ਪੜ੍ਹਨ ਲਈ ਆਉਂਣਾ ਹੈ । ਨਮਾਜ਼ ਕਾਇਮ ਕਰਨ ਦਾ ਅਰਥ ਹੀ ਜਮਾਤ ਨਾਲ ਨਮਾਜ਼ ਪੜ੍ਹਨਾ ਹੈ । ਫਿਰ ਜ਼ਕਾਤ ਦੇਣਾ ਹੈ । ਜ਼ਕਾਤ ਕੀ ਹੈ ? ਇਹ ਆਪਣੇ ਮਾਲ ਨੂੰ ਰੱਬ ਦੇ ਮਾਰਗ ਵਿੱਚ ਖ਼ਰਚ ਕਰਕੇ ਪਾਕ ਕਰਨਾ ਹੈ । ਰੱਬ ਦੀ ਮਿਹਰ ਨਾਲ ਅਹਮਦੀ ਇਸ ਕੁਰਬਾਨੀ ਵਿੱਚ ਵਧੇ ਹੋਏ ਹਨ, ਪਰ ਨਮਾਜ਼ਾਂ ਵਿੱਚ ਆਉਣਾ ਅਤੇ ਜਮਾਤ ਨਾਲ ਨਮਾਜ਼ ਪੜ੍ਹਨਾ ਇਸ ਵਿੱਚ ਸੁਸਤੀ ਹਰ ਥਾਂ ਪਾਈ ਜਾਂਦੀ ਹੈ ਜੱਦ ਕਿ ਇਹ ਮੁਢੱਲੀ ਚੀਜ਼ ਹੈ, ਇਸ ਵੱਲ ਧਿਆਨ ਦੇਣਾ ਚਾਹੀਦਾ ਹੈ । ਜ਼ਕਾਤ ਬਾਰੇ ਮੈਂ ਇਹ ਵੀ ਦੱਸ ਦਿਆਂ, ਇਕ ਤਾਂ ਇਸ ਵਿੱਚ ਸਾਧਾਰਣ ਜ਼ਕਾਤ ਸ਼ਾਮਲ ਹੈ ਜੋ ਹਰ

ਵਿਅਕਤੀ'ਤੇ ਫ਼ਰਜ਼ ਹੈ ਜੋ ਧੰਨਵਾਨ ਹੈ ਜਿਸਦਾ ਰੁਪਈਆ ਬੈਂਕਾ ਵਿੱਚ ਪਿਆ ਹੈ ਜਾਂ ਉਸ ਕੋਲ ਮੌਜੂਦ ਹੈ, ਵੱਡੀ ਰਕਮ ਪਈ ਰਹਿੰਦੀ ਹੈ ਸਾਰਾ ਸਾਲ, ਜਿਸ ਦੇ ਕੋਲ ਸੋਨਾ ਹੈ, ਜਿਸ ਦੇ ਕੋਲ ਚਾਂਦੀ ਹੈ । ਕਈ ਜ਼ਿਮੀਂਦਾਰਾਂ (ਕਿਰਸਾਨਾ) ਉਪੱਰ ਜ਼ਕਾਤ ਫ਼ਰਜ਼ ਹੈ, ਫਿਰ ਵੱਡੇ ਵੱਡੇ ਜਿੰਨ੍ਹਾ ਦੇ ਡੇਰੀ ਫ਼ਾਰਮ ਹਨ ਉਹਨਾਂ'ਤੇ ਜ਼ਕਾਤ ਫ਼ਰਜ਼ ਹੈ । ਇਸ ਜ਼ਕਾਤ ਵਿੱਚ ਸਾਰੀਆਂ ਇਸਤਰੀਆਂ ਪੁਰੁਸ਼ ਸ਼ਾਮਲ ਹਨ ਅਤੇ ਇਸ ਦਾ ਇਕ ਨਿਰਧਾਰਤ ਪੈਮਾਨਾ ਹੈ ਜੋ ਹਜ਼ਰਤ ਮੁਹਮੱਦ ਸਲੱਲੱਾਹੁ ਅਲੈਹਿ ਵਸਲਮ ਦੇ ਸਮੇਂ ਤੋਂ ਆਪ ਨੇ ਰਿਧਾਰਤ ਕੀਤਾ । ਇਸੇ ਪ੍ਰਕਾਰ ਇਸ ਵੱਲ ਵਿਸ਼ੇਸ਼ ਤੌਰ'ਤੇ ਜ਼ਕਾਤ ਦੇ ਮਾਮਲੇ ਵਿੱਚ ਇਹ ਵੀ ਦੱਸ ਦਿਆਂ ਕਿ ਇਸਤਰੀਆਂ ਨੂੰ ਧਿਆਨ ਦੇਣਾ ਚਾਹੀਦਾ ਹੈ । ਏਥੇ ਆਣਕੇ ਚੰਗੇ ਹਾਲਾਤ ਹੋਣ ਕਰਕੇ ਉਹਨਾਂ ਕੋਲ ਵਾਹਵਾ ਸੋਨੇ ਦੇ ਗਹਿਣੇ ਹੁੰਦੇ ਹਨ ਵੱਡੀ ਉਮੱਰ ਦੀਆਂ ਵੀ ਤੇ ਛੋਟੀ ਉਮਰ ਦੀਆਂ ਇਸਤਰੀਆਂ ਨੂੰ ਵੀ ਅਧਿਕਤਰ ਮੈਂ ਦੇਖਿਆ ਹੈ ਕਿ ਵਾਹਵਾ ਭਾਰੇ ਭਾਰੇ ਸੋਨੇ ਦੇ ਕੜੇ ਅਤੇ ਚੂੜੀਆਂ ਪਾਈਆਂ ਹੁੰਦੀਆਂ ਹਨ, ਭਾਵੇਂ ਪਾਉਣ, ਸੁੰਦਰਤਾ ਹੈ, ਅਲੱਾਹ ਤਆਲਾ ਨੇ ਜਾਇਜ਼ ਕਰਾਰ ਦਿਤੱਾ ਹੈ ਪਰ ਇਸ'ਤੇ ਜ਼ਕਾਤ ਦੇਣਾ ਵੀ ਫ਼ਰਜ਼ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਭ ਤੋਂ ਪਹਿਲਾਂ ਇਹ ਕਰਤਵ, ਜਮਾਤ ਦੇ ਅਹੁਦੇਦਾਰਾਂ ਅਤੇ ਜ਼ੈਲੀ ਤੰਜ਼ੀਮਾ (ਅਧੀਨ ਸੰਗਠਨਾ) ਦੇ ਅਹੁਦੇਦਾਰਾਂ ਦਾ ਹੈ ਕਿ ਮਸਜਿਦ ਵਸਾ**ਉਣ ਵਿੱਚ** ਆਪਣੀ ਹਾਜ਼ਰੀ ਲਾਜ਼ਮੀ ਬਨਾਉਣ । ਜਮਾਤ ਨੇ ਜੋ ਮਾਲ ਤੇ ਸਮੇਂ ਦੀ ਕੁਰਬਾਨੀ ਦਿੱਤੀ ਹੈ ਉਸ ਦਾ ਪੱਕੇ ਤੌਰ'ਤੇ ਪੁੰਨ ਹਾਸਲ ਕਰਨ ਲਈ ਅਹੁਦੇਦਾਰਾਂ ਨੂੰ ਵੀ ਅਤੇ ਹਰ ਅਹਮਦੀ ਨੂੰ ਜਤਨ ਕਰਨਾ ਚਾਹੀਦਾ ਹੈ ਕਿ ਇਸ ਸਮੇਂ ਜੋ ਮਸਜਿਦ ਆਪ ਦੀ ਗਿਣਤੀ ਤੋਂ ਤਿੰਨ ਗੁਣਾ ਵੱਡੀ ਹੈ ਇਸ ਨੂੰ ਛੋਟਾ ਕਰ ਦਿਓ ਅਤੇ ਮਸਜਿਦਾਂ ਉਸ ਸਮੇਂ ਛੋਟੀਆਂ ਹੁੰਦੀਆਂ ਹਨ ਜੱਦ ਨਮਾਜ਼ੀਆਂ ਦੀ ਗਿਣਤੀ ਵਧੱਦੀ ਹੈ ਅਤੇ ਜਮਾਤ ਦੀ ਗਿਣਤੀ ਵਧੱਦੀ ਹੈ । ਜਮਾਤ ਦੀ ਤਿਗਣਤੀ ਵਧਾਉਣ ਲਈ ਪ੍ਰਚਾਰ ਬਹੁਤ ਜ਼ਰੂਰੀ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸਾਡੀ ਜਮਾਤ ਦੇ ਲੋਕਾਂ ਨੂੰ ਨਮੂਨਾ ਬਣਕੇ ਦਿਖਾਉਂਣਾ ਚਾਹੀਦਾ ਹੈ । ਫ਼ਰਮਾਇਆ ਕਿ ਜੋ ਵਿਅਕਤੀ ਸਾਡੀ ਜਮਾਤ ਵਿੱਚੋਂ ਹੋਕੇ ਭੈੜਾ ਨਮੂਨਾ ਦਿਖਾਉਂਦਾ ਹੈ ਅਤੇ ਅਮਲੀ ਜਾਂ ਆਸਥਾ ਰੂਪੀ ਕਮਜ਼ੋਰੀ ਦਿਖਾਉਂਦਾ ਹੈ ਤਾਂ ਉਹ ਜ਼ਾਲਮ ਹੈ ਕਿਉਂਕਿ ਉਹ ਸਾਰੀ ਜਮਾਤ ਨੂੰ ਬਦਨਾਮ ਕਰਦਾ ਹੈ ਅਤੇ ਸਾਨੂੰ ਵੀ ਇਤਰਾਜ਼ ਦਾ ਨਿਸ਼ਾਨਾ ਬਣਾਉਦਾ ਹੈ । ਭੈੜੇ ਨਮੂਨਿਆਂ ਤੋਂ ਹੋਰਨਾ ਨੂੰ ਨਫ਼ਰਤ ਹੁੰਦੀ ਹੈ ਅਤੇ ਚੰਗੇ ਨਮੂਨਿਆਂ ਤੋਂ ਲੋਕਾਂ ਵਿੱਚ ਖਿੱਚ ਪੈਦਾ ਹੁੰਦੀ ਹੈ । ਆਪ ਫ਼ਰਮਾਉਂਦੇ ਹਨ ਕਿ ਕਈ ਲੋਕਾਂ ਦੇ ਪਤੱਰ ਸਾਡੇ ਕੋਲ ਆਉਂਦੇ ਹਨ ਅਤੇ ਉਹ ਲਿਖੱਦੇ ਹਨ ਕਿ ਮੈਂ ਜੇਕਰ ਅਜੇ ਤੱਕ ਆਪ ਦੀ ਜਮਾਤ ਵਿੱਚ ਦਾਖ਼ਲ ਨਹੀਂ ਪਰ ਆਪ ਦੀ ਜਮਾਤ ਦੇ ਕਈ ਲੋਕਾਂ ਦੇ ਹਲਾਤਾਂ ਤੋਂ ਅੰਦਜ਼ਾ ਲਗਾਉਂਦਾ ਹਾਂ ਕਿ ਇਸ ਜਮਾਤ ਦੀ ਸਿੱਖਿਆ ਨੇਕੀ ਉਪੱਰ ਜ਼ਰੂਰ ਅਧਾਰਤ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਦੁਨੀਆ ਨੂੰ ਤਬਾਹੀ ਤੋਂ ਬਚਾਉਣਾ ਅਹਮਦੀਆ ਦਾ ਕੰਮ ਹੈ, ਪਰ ਇਸ ਲਈ ਸ਼ਰਤ ਉਹੋ ਹੈ ਕਿ ਸਾਡੇ ਕਦਮ ਅੱਗੇ ਵਧੱਣ । ਆਪ ਫ਼ਰਮਾਉਂਦੇ ਹਨ ਕਿ ਇਕ ਮਨੁੱਖ ਖ਼ਾਤਰ ਵੀ ਲਖੱਾਂ ਜਾਨਾਂ ਬਚਾਈਆਂ ਜਾਂਦੀਆਂ ਹਨ । ਸੋ, ਹਰ ਅਹਮਦੀ ਦੀ ਇਹ ਬਹੁਤ ਵੱਡੀ ਜ਼ਿੰਮੇਦਾਰੀ ਹੈ ਕਿ ਦੁਨੀਆ ਨੂੰ ਬਚਾਏ ਜੋ ਦੁਨੀਆ ਰੱਬ ਨੂੰ ਭੁੱਲ ਰਹੀ ਹੈ ਸਾਡਾ ਫ਼ਰਜ਼ ਹੈ ਕਿ ਅਸੀਂ ਦੁਨੀਆ ਨੂੰ ਬਚਾਈਏ । ਕਈ ਆਚਰਣਕ ਤੌਰ'ਤੇ ਚੰਗੇ ਲੋਕ ਵੀ ਹਨ, ਕਈ ਕਹਿ ਦਿੰਦੇ ਹਨ ਕਿ ਧਰਮ ਨੂੰ ਅਸੀਂ ਮਨ੍ਹ ਕੇ ਕੀ ਕਰਨਾ ਹੈ ਸਾਡੇ ਆਚਰਣ ਚੰਗੇ ਹਨ । ਮੁਢੱਲੇ ਕੁਝ ਆਚਰਣ ਤਾਂ ਚੰਗੇ ਹਨ ਪ੍ਰਤੀਦਿਨ ਦੇ ਆਚਰਣ ਹਨ ਮਿਲਣਾ ਜੁਲਣਾ ਤਾਂ ਚੰਗਾ ਹੈ ਕਿਸੇ ਦਾ ਹੱਕ ਵੀ ਕਈ ਨਹੀਂ ਮਾਰਦੇ ਪਰ ਕਈ ਪੱਖੋਂ ਆਜਾਦੀ ਦੇ ਨਾਂ'ਤੇ ਅਖ਼ਲਾਕੀ ਤੌਰ'ਤੇ ਇਹ ਲੋਕ ਦੀਵਾਨੇ ਹੋ ਚੁਕੇ ਹਨ ਅਤੇ ਫਿਰ ਕਾਨੂਨ ਵੀ ਇਹਨਾਂ ਨੂੰ ਸੁਰੱਖਿਆ ਦੇ ਦਿੰਦਾ ਹੈ । ਰੱਬ ਨੂੰ ਦੁਨੀਆ ਬਿਲਕੁਲ ਭੁੱਲ ਚੁੱਕੀ ਹੈ । ਅਜਿਹੇ ਸਮੇਂ ਅਸੀਂ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਏ ਹਨ ਜੇਕਰ ਅਸੀਂ ਵੀ ਆਪਣੀਆਂ ਕਦਰਾਂ ਨੂੰ ਭੁੱਲ ਕੇ, ਰੱਬ ਨੂੰ

ਭੁੱਲ ਕੇ ਇਸਲਾਮੀ ਅਖ਼ਲਾਕ ਨੂੰ ਭੁੱਲ ਕੇ ਦੁਨੀਆ ਦੇ ਪਿੱਛੇ ਚੱਲ ਪਏ ਤਾਂ ਦੁਨੀਆ ਦਾ ਸੁਧਾਰ ਕੌਣ ਕਰੇਗਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਭਾਵੇਂ ਰੱਬ ਦਾ ਇਹ ਵਾਦਾ ਹੈ ਅਤੇ ਲੋਕ ਮਿਲ ਜਾਣਗੇ, ਪਰ ਇਹ ਨ ਹੋਵੇ ਕਿ ਅਸੀਂ ਇਸ ਤੋਂ ਵਾਂਝੇ ਰਹਿ ਜਾਈਏ । ਸੋ, ਹਰ ਅਹਮਦੀ ਦਾ ਕਰਤਵ ਹੈ ਅੱਜ ਵੀ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਆਪਣਾ ਜਾਇਜ਼ਾ ਹਰ ਅਹਮਦੀ ਨੂੰ ਲੈਂਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੀਆਂ ਜ਼ਿੰਮੇਦਾਰੀਆਂ ਨੂੰ ਚੰਗੇ ਢੰਗ ਨਾਲ ਪੂਰਾ ਕਰ ਸਕੀਏ । ਕੇਵਲ ਇਸ ਗੱਲ'ਤੇ ਖ਼ੁਸ਼ ਨ ਹੋ ਜਾਈਏ ਕਿ ਮਸਜਿਦ ਬਣਾ ਦਿੱਤੀ । ਸਾਡਾ ਟਾਰਗਟ ਤਾਂ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਰੱਬ ਅੱਗੇ ਝੁਕਣ ਵਾਲੇ ਹੋਈਏ ਅਤੇ ਹਜ਼ਰਤ ਮੁਹਮੱਦ ਸਲੱਲੱਾਹੁ ਅਲੈਹਿ ਵਸਲਮ ਦੇ ਝੰਡੇ ਹੇਠ ਆਉਣ ਵਾਲਿਆਂ ਦੀ ਗਿਣਤੀ ਨੂੰ ਵਧਾਉਣਾ ਹੈ ਅਤੇ ਇਹ ਉਸ ਸਮੇਂ ਤੱਕ ਨਹੀਂ ਹੋ ਸਕਦਾ ਜੱਦ ਤੱਕ ਸਾਡਾ ਹਰ ਕਦਮ ਅੱਗੇ ਵਧੱਣ ਵਾਲਾ ਨ ਹੋਵੇ । ਸਾਡੇ ਵਿੱਚੋਂ ਹਰ ਇਕ ਆਪਣਿਆਂ ਲਈ ਵੀ ਤੇ ਹੋਰਨਾ ਲਈ ਵੀ ਨਮੂਨਾ ਬਣ ਜਾਵੇ, ਸਾਡੇ ਵਿੱਚੋਂ ਕੋਈ ਕਿਸੇ ਨੂੰ ਦੁੱਖ ਪਹੁੰਚਾਉਣ ਵਾਲਾ ਨ ਹੋਵੇ ਸਗੋਂ ਆਪਣਿਆਂ ਤੇ ਗ਼ੈਰਾ ਦੇ ਹੱਕ ਪੂਰੇ ਦੇਣ ਵਾਲਾ ਹੋਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਚਾਹੀਦਾ ਹੈ ਕਿ ਆਪਣੇ ਵਾਸਤੇ ਵੀ, ਆਪਣੀ ਸੰਤਾਨ ਵਾਸਤੇ ਵੀ, ਆਪਣੀ ਪਤਨੀ, ਬੱਚਿਆ ਸਾਕਾਂ ਸੰਬੰਧੀਆਂ ਅਤੇ ਸਾਡੇ ਵਾਸਤੇ ਵੀ ਰਹਿਮਤ ਦਾ ਸਬਬ ਬਣ ਜਾਓ । ਵਿਰੋਧੀਆਂ ਵਾਸਤੇ ਇਤਰਾਜ਼ ਦਾ ਮੌਕਾ ਉਕੱਾ ਹੀ ਨਹੀਂ ਦੇਣਾ ਚਾਹੀਦਾ । ਸੋ, ਸਾਡੇ ਵਿੱਚੋਂ ਹਰ ਇਕ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਉਸ ਦਰਦ ਨੂੰ ਅਨੁਭਵ ਕਰਨਾ ਚਾਹੀਦਾ ਹੈ ਅਤੇ ਆਪਣੇ ਨਮੂਨੇ ਕਾਇਮ ਕਰਨੇ ਚਾਹੀਦੇ ਹਨ ਜੋ ਜਮਾਤ ਦੀ ਨੇਕ ਨਾਮੀ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਨੇਕ ਨਾਮੀ ਦਾ ਸਬਬ ਹੋਵੇ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਸਾਡਾ ਕੱਲ ਸਾਡੇ ਅੱਜ ਤੋਂ ਬਿਹਤਰ ਹੋਵੇ । ਸਾਡੇ ਬੱਚੇ ਅਤੇ ਸਾਡੀਆਂ ਪੀੜ੍ਹੀਆਂ ਇਸ ਗੱਲ ਨੂੰ ਸਮਝਣ ਵਾਲੀਆਂ ਹੋਣ ਕਿ ਉਹਨਾਂ ਦੇ ਮਾਂ ਬਾਪ ਨੇ ਜੋ ਕੁਰਬਾਨੀਆਂ ਦਿੱਤੀਆਂ ਹਨ ਜੋ ਮਸਜਿਦਾਂ ਬਣਾਈਆਂ ਹਨ ਜੋ ਪ੍ਰਚਾਰ ਦੇ ਕੰਮ ਕੀਤੇ ਅਤੇ ਬੱਚਿਆਂ ਨੂੰ ਧਰਮ ਨੂੰ ਦੁਨੀਆ ਵਿੱਚ ਕਾਇਮ ਕਰਨ ਦੀ ਜੋ ਤਲਕੀਨ ਕੀਤੀ ਉਹੋ ਵਾਸਤਵਿਕ ਦੌਲਤ ਹੈ ਜੋ ਉਹਨਾਂ ਲਈ ਛੱਡੀ ਹੈ ਅਤੇ ਫਿਰ ਭਵਿੱਖ ਦੀਆਂ ਨਸਲਾਂ ਅਤੇ ਆਪਣੀ ਨਸਲਾਂ ਦੇ ਮਨਾਂ ਵਿੱਚ ਇਹ ਸੋਚ ਪੈਦਾ ਕਰਦੀ ਚਲੀ ਜਾਣ ਵਾਲੀਆਂ ਹੋਣ ਅਤੇ ਇਹ ਸਿਲਸਿਲਾ ਰੱਬ ਕਰੇ ਇਉਂ ਹੀ ਚਲਦਾ ਰਹੇ । ਰੱਬ ਦੀਆਂ ਮਿਹਰਾਂ ਨੂੰ ਸਾਡੀ ਭਵਿੱਖ ਦੀਆਂ ਨਸਲਾਂ ਵੀ ਸਮੇਟਦੀਆਂ ਰਹਿਣ । ਰੱਬ ਕਰੇ ਅਜਿਹਾ ਹੀ ਹੋਵੇ ।


Khulasa Khutba Jumma 04.11.2016

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, from Punjabi Desk

From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131